BRAMPTON **Service and Information Update**

17 ਮਈ, 2023

# ਸਿਟੀ ਆਫ ਬ੍ਰੈਂਪਟਨ ਵਿੱਚ ਵਿਕਟੋਰੀਆ ਡੇ

ਬ੍ਰੈਂਪਟਨ, ਓਨਟੈਰੀਓ – ਇਸ ਸਾਲ, ਵਿਕਟੋਰੀਆ ਡੇ (Victoria Day) ਸੋਮਵਾਰ, 22 ਮਈ ਨੂੰ ਮਨਾਇਆ ਜਾਵੇਗਾ।

**ਜ਼ਰੂਰੀ ਅਤੇ ਮਹੱਤਵਪੂਰਣ ਸੇਵਾਵਾਂ**

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਜ਼ਰੂਰੀ ਅਤੇ ਮਹੱਤਵਪੂਰਣ ਸੇਵਾਵਾਂ, ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

**ਪਟਾਕੇ**

ਸਿਟੀ ਆਫ ਬ੍ਰੈਂਪਟਨ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਬ੍ਰੈਂਪਟਨ ਵਿੱਚ ਪਟਾਕੇ ਚਲਾਉਣ, ਖਰੀਦਣ, ਡਿਸਚਾਰਜ ਕਰਨ, ਰੱਖਣ, ਡਿਸਪਲੇ, ਵੇਚਣ ਅਤੇ ਵਿਕਰੀ ਦੀ ਪੇਸ਼ਕਸ਼ ਕਰਨ ਤੇ ਪਾਬੰਦੀ ਹੈ।

ਨਿਵਾਸੀਆਂ ਦੀ ਸੁਰੱਖਿਆ ਸਿਟੀ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਪਟਾਕਿਆਂ ਦੇ ਬਾਇ-ਲਾਅ ਦਾ ਉਦੇਸ਼, ਸੱਟ ਅਤੇ ਪ੍ਰਾਪਰਟੀ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਣਾ ਹੈ।

ਪਟਾਕੇ ਚਲਾਉਣ ਜਾਂ ਇਹਨਾਂ ਦੀ ਵਿਕਰੀ ਦੀ ਰਿਪੋਰਟ ਲਈ ਨਿਵਾਸੀ, 3-1-1 ਤੇ ਫੋਨ ਕਰ ਸਕਦੇ ਹਨ, 3-1-1 ਐਪ ਡਾਊਨਲੋਡ ਕਰ ਸਕਦੇ ਹਨ, ਜਾਂ www.brampton.ca ਤੇ ਔਨਲਾਈਨ ਜਾ ਸਕਦੇ ਹਨ। ਕਨੂੰਨ ਦੀ ਪਾਲਣਾ ਨਾ ਕਰਨ ਤੇ 500 ਡਾਲਰ ਤੋਂ 1,000 ਡਾਲਰ ਤੱਕ ਦਾ ਜੁਰਮਾਨਾ ਲੱਗੇਗਾ ਅਤੇ ਇਹ 100,000 ਤੱਕ ਵੀ ਜਾ ਸਕਦਾ ਹੈ, ਜੇਕਰ ਅਦਾਲਤ ਸੰਮਨ ਜਾਰੀ ਕਰਦੀ ਹੈ।

ਵਧੇਰੇ ਜਾਣਕਾਰੀ ਲਈ, www.brampton.ca/fireworks ਤੇ ਜਾਓ।

**ਬ੍ਰੈਂਪਟਨ ਟ੍ਰਾਂਜ਼ਿਟ**

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਵਿਕਟੋਰੀਆ ਡੇ ਨੂੰ ਐਤਵਾਰ/ਛੁੱਟੀ ਵਾਲੇ ਸ਼ੈਡਿਊਲ ਤੇ ਚੱਲੇਗੀ। ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਉਂਟਰ ਬੰਦ ਹਨ। ਸਵਾਰੀਆਂ, ਸਹਾਇਤਾ ਲਈ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸੰਪਰਕ ਕੇਂਦਰ (Contact Centre) ਨੂੰ ਸੰਪਰਕ ਕਰ ਸਕਦੀਆਂ ਹਨ। ਗੁਆਚਾ ਅਤੇ ਲੱਭਿਆ ਸਮੇਤ, ਬ੍ਰੈਂਪਟਨ ਟ੍ਰਾਂਜ਼ਿਟ ਕਲਾਰਕ (Brampton Transit Clark) ਅਤੇ ਸੈਂਡਲਵੁੱਡ (Sandalwood) ਫੈਸਿਲਿਟੀਜ, ਸੋਮਵਾਰ 22 ਮਈ ਨੂੰ ਬੰਦ ਰਹਿਣਗੀਆਂ।

ਸੇਵਾ ਅੱਪਡੇਟਸ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਨੂੰ, 905.874.2999 ਤੇ ਪੁੱਛੇ ਜਾ ਸਕਦੇ ਹਨ।

**ਬ੍ਰੈਂਪਟਨ ਰੇਕ੍ਰੀਏਸ਼ਨ**

ਬ੍ਰੈਂਪਟਨ ਰੇਕ੍ਰੀਏਸ਼ਨ ਸੈਂਟਰ, ਵਿਕਟੋਰੀਆ ਡੇ ਦੇ ਲੰਬੇ ਵੀਕੈਂਡ ਨੂੰ ਘਟੇ ਹੋਏ ਸ਼ੈਡਿਊਲ ਹੇਠ ਚੱਲਣਗੇ। ਛੁੱਟੀ ਦੇ ਘੰਟੇ ਇੱਥੇ (here) ਦੇਖੇ ਜਾ ਸਕਦੇ ਹਨ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ ਐਤਵਾਰ, 21 ਮਈ ਨੂੰ ਅਤੇ ਸੋਮਵਾਰ, 22 ਮਈ ਨੂੰ ਬੰਦ ਰਹਿਣਗੀਆਂ ਅਤੇ ਮੰਗਲਵਾਰ, 23 ਮਈ, 2023 ਨੂੰ ਦੁਬਾਰਾ ਖੁੱਲਣਗੀਆਂ।

ਈਬੁੱਕਸ ਅਤੇ ਈਆੱਡੀਓਬੁੱਕਸ, ਸਟ੍ਰੀਮ ਟੈਲੀਵਿਜਨ ਅਤੇ ਮੂਵੀਜ ਲੈਣ ਵਾਸਤੇ, ਕਈ ਤਰ੍ਹਾਂ ਦੇ ਸਿੱਖਿਆਤਮਕ, ਰਚਨਾਤਮਕ ਅਤੇ ਪ੍ਰੋਫੈਸ਼ਨਲ ਡਿਜੀਟਲ ਸਿਖਲਾਈ ਪਲੇਟਫਾਰਮਾਂ ਤੱਕ ਪਹੁੰਚ ਲਈ ਔਨਲਾਈਨ, www.bramptonlibrary.ca ਤੇ ਸਾਡੇ ਨਾਲ ਜੁੜੋ। ਸਾਡੇ, ਕੈਲੰਡਰ ਆਫ ਇਵੈਂਟਸ (calendar of events) ਦੇ ਦੁਆਰਾ ਹਰ ਉਮਰ ਅਤੇ ਰੁਚੀ ਵਾਲੇ ਵਿਅਕਤੀਆਂ ਲਈ ਵਰਚੁਅਲ (ਆਭਾਸੀ) ਪ੍ਰੋਗਰਾਮਾਂ ਲਈ ਰਜਿਸਟਰ ਕਰੋ ਅਤੇ ਸਾਡੇ ਈਮੇਲ ਅੱਪਡੇਟਸ ਲਈ ਸਬਸਕ੍ਰਾਈਬ ਕਰੋ (subscribe to our email updates)। ਸਾਨੂੰ Facebook, Twitter, Instagram ਅਤੇ LinkedIn ਤੇ ਫਾੱਲੋ ਕਰੋ ਅਤੇ iOS ਅਤੇ Google Play ਤੇ ਬ੍ਰੈਂਪਟਨ ਲਾਇਬ੍ਰੇਰੀ ਦਾ ਮੋਬਾਈਲ ਐਪ ਜ਼ਰੂਰ ਡਾਊਨਲੋਡ ਕਰੋ। ਸਾਡੇ ਐਪ ਬਾਰੇ ਹੋਰ ਵੇਰਵਿਆਂ ਲਈ ਇੱਥੇ ਕਲਿੱਕ ਕਰੋ (Click here for more details about our app)। ਸਾਡੇ ਸਟਾਫ ਦੇ ਨਾਲ ਲਾਈਵ ਚੈਟ ਜਾਂ ਸਵਾਲ ਪੁੱਛਣ ਲਈ, ਸਾਡੀ ਵੈਬਸਾਈਟ ਤੇ ਜਾਓ (live chat with our staff, or Ask A Question, visit our website)।

**ਬ੍ਰੈਂਪਟਨ ਐਨੀਮਲ ਸਰਵਿਸਿਜ**

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), ਸੋਮਵਾਰ, 22 ਮਈ ਨੂੰ ਬੰਦ ਰਹੇਗਾ ਅਤੇ ਮੰਗਲਵਾਰ, 23 ਮਈ, 2023 ਨੂੰ ਦੁਬਾਰਾ ਖੁੱਲੇਗਾ।

ਐਨੀਮਲ ਕੰਟ੍ਰੋਲ (Animal Control), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਅਤੇ ਛੁੱਟੀਆਂ ਵਾਲੇ ਦਿਨਾਂ ਨੂੰ, ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਸੜਕ ਤੇ ਮੌਜੂਦ ਹੋਵੇਗਾ। ਇਹਨਾਂ ਘੰਟਿਆਂ ਤੋਂ ਬਾਅਦ, ਐਨੀਮਲ ਕੰਟ੍ਰੋਲ ਸਿਰਫ ਐਮਰਜੈਂਸੀ ਸਬੰਧੀ ਕੰਮ ਹੀ ਕਰੇਗਾ।

**ਜੁੜੇ ਰਹੋ**

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ ਗੂਗਲ ਪਲੇ (Google Play) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ, ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ।

**ਬੰਦ ਹੋਣ ਬਾਰੇ ਜਾਣਕਾਰੀ**

ਸਿਟੀ ਹਾਲ (City Hall) ਅਤੇ ਸਿਟੀ ਆਫ ਬ੍ਰੈਂਪਟਨ ਦੇ ਐਡਮਿਨਿਸਟ੍ਰੇਟਿਵ ਆਫਿਸ ਸੋਮਵਾਰ, 22 ਮਈ ਨੂੰ ਬੰਦ ਰਹਿਣਗੇ ਅਤੇ ਮੰਗਲਵਾਰ, 23 ਮਈ, 2023 ਨੂੰ ਦੁਬਾਰਾ ਖੁੱਲਣਗੇ।



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca